**International Journal of Humanities and Social Science Research**
**ISSN: 2455-2070; Impact Factor: RJIF 5.22**
**www.socialresearchjournals.com**
**Volume 2; Issue 7; July 2016; Page No. 47-51**

# ਧਨੀ ਰਾਮ ਚਾਤ੍ਰਿਕ ਦੀ ਕਵਿਤਾ ਵਿੱਚ ਆਧੁਨਿਕਤਾ ਅਤੇ ਸਭਿਆਚਾਰ

**ਆਨੰਦ ਵਰਧਨ**

ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ, ਪੰਜਾਬ, ਭਾਰਤ

**ਸਾਰੰਸ਼:** ਸਭਿਆਚਾਰ ਕੀ ਹੈ ? ਸਭਿਆਚਾਰ ਦੀ ਪਰਿਭਾਸ਼ਾ ਕਰਨ ਤੋਂ ਪੰਜਾਬੀ ਪੈਰਾਂ ਦੀ ਉਸ ਲੰਮੀ ਯਾਤਰਾ ਦਾ ਚੇਤਾ ਆਉਂਦਾ ਹੈ ਜਿਹੜੀ ਨਦੀਆਂ ਦੇ ਵਹਿਣ ਵਾਂਗ ਬਦਲਦੀ ਰਹੀ ਹੈ। ਇਹ ਯਾਤਰਾ, ਪੰਜਾਬ ਦੇ ਪੈਰ ਦੀ ਹੀ ਨਹੀਂ ਸਗੋਂ ਪੰਜਾਬ ਦੇ ਦਰਿਆਵਾਂ ਦੀ ਵੀ ਯਾਤਰਾ ਕਹੀ ਜਾ ਸਕਦੀ ਹੈ। ਪਾਣੀ ਤੇ ਪਰਾਂ ਦੀ ਪੱਕੀ ਆੜੀ ਹੈ। ਮਨੁੱਖੀ ਪੈਰ ਪਾਣੀ ਦਾ ਪਿੱਛਾ ਕਰਦੇ ਪਾਣੀ ਦੇ ਪਿੱਛੇ ਪਿੱਛੇ ਤੁਰਦਿਆਂ ਤੁਰਦਿਆਂ, ਮਨੁੱਖ ਦੇ ਪੈਰਾਂ ਨੇ ਬੜੇ ਲੰਬੇ ਪੈਂਡੇ ਪਾਰ ਕੀਤੇ ਹਨ, ਮੰਜ਼ਲਾਂ ਮਾਰੀਆਂ ਹਨ। ਪੈਂਡਿਆਂ ਨੂੰ ਪਾਰ ਕਰਦਿਆਂ, ਜ਼ਿੰਦਗੀ ਨੂੰ ਜਿਹੜੀ ਜਿਹੜੀ ਵਿਉਂਤ ਰਾਸ ਆਉਂਦੀ ਗਈ, ਉਹ ਸਭਿਆਚਾਰ ਬਣ ਗਿਆ। ਇਸ ਵਿਉਂਤ ਦੇ ਸਿਲਸਿਲੇ ਨੂੰ ਇਤਿਹਾਸ ਆਪਣੇ ਅੰਦਾਜ਼ ਨਾਲ ਬਿਆਨ ਕਰਦਾ ਹੈ। ਧਰਮ, ਨੈਤਿਕਤਾ ਅਤੇ ਆਰਥਿਕਤਾ ਆਪਣੇ ਅਨੁਸਾਰ ਅਰਥ ਦਿੰਦੀ ਹੈ ਇਸ ਤਰ੍ਹਾਂ ਸਭਿਆਚਾਰ, ਸਮਾਜਿਕ, ਆਰਥਿਕ, ਧਾਰਮਿਕ ਅਤੇ ਨੈਤਿਕਤਾ ਦੀ ਵਿਉਂਤ ਸਲੀਕਾ, ਸਿਲਸਿਲਾ, ਅੰਦਾਜ਼ ਅਤੇ ਅਰਥ ਹੁੰਦਾ ਹੋਇਆ ਸਵੈ ਅਤੇ ਸਮੂਹ ਦਾ ਆਤਮ-ਦਰਸ਼ਨ ਹੋਇਆ। ਇੰਝ ਕਦੇ ਕਦੇ ਸਭਿਆਚਾਰ ਅਲੌਕਿਕ, ਅਧਿਆਤਮਿਕ ਅਤੇ ਅਪਦਾਰਥਿਕ ਚਿੰਤਨ ਦੀ ਲੌਕਿਕ ਪ੍ਰਕ੍ਰਿਆ ਬਣ ਬੈਠਦਾ ਹੈ। ਸਭਿਆਚਾਰ, ਸਿਲਸਿਲਾ ਹੁੰਦਾ ਹੈ, ਇਸ ਕਾਰਣ ਇਹ ਕਿਸੇ ਨਿਸ਼ਚਿਤ ਆਰੰਭ ਦਾ ਮੁਥਾਜ ਨਹੀਂ ਬਣਦਾ, ਸਗੋਂ ਸਿਰਜਣਾ ਦੇ ਨਿੱਕੇ ਨਿੱਕੇ ਪਲਾਂ ਵਿੱਚ ਪਲਦਾ-ਪਲਦਾ ਇਕ ਵਿਸ਼ੇਸ਼ ਰੂਪ ਧਾਰਦਾ ਹੈ। ਸਭਿਆਚਾਰ ਦੀ ਵੰਨ-ਸੁਵੰਨਤਾ ਵੱਖਰੇ ਵੱਖਰੇ ਸੰਸਕ੍ਰਿਤਕ ਕਾਰਣ ਵੀ ਬਣਦੀ ਸਭਿਆਚਾਰ ਦੀ ਵੰਨ-ਸਵੰਨਤਾ ਲੰਮੇ ਸਮੇਂ ਦੀ ਕੁੱਖ ਵਿੱਚੋਂ ਸਮਾਜਿਕ ਅਤੇ ਕਦਮਾਂ ਸਦਕਾ ਲਿਸ਼ਕਦੀ, ਪੱਖਦੀ ਅਤੇ ਮੱਘਦੀ ਹੁੰਦੀ ਰਹਿੰਦੀ ਹੈ।

**ਮੁੱਖ ਸਬਦ:** ਗਲਪ, ਲੋਕ-ਨਾਟ ਮਾਰਮਿਕ, ਅਹਿੰਸਾਵਾਦੀ, ਆਚਰਣ,ਸਭਿਆਚਾਰਕ, ਅਨੁਵਾਦਿਤ ਆਦਿ।

ਭਾਈ ਵੀਰ ਸਿੰਘ ਅਤੇ ਧਨੀ ਰਾਮ 'ਚਾਤ੍ਰਿਕ' ਹੋਰਾਂ ਦੇ ਕਾਵਿ-ਚਿੰਤਨ, ਵੇਦਨਾ ਅਤੇ ਅਨੁਭਵ ਦੇ ਅੰਤਰ ਦੀ ਪਹਿਚਾਣ ਲਈ ਸਭਿਆਚਾਰ ਅਤੇ ਪ੍ਰਕ੍ਰਿਤੀ ਦੇ ਅੰਤਰ ਦੀ ਜਾਣਕਾਰੀ ਵੀ ਲਾਹੇਵੰਦ ਸਿੱਧ ਹੋਵੇਗੀ। ਕਿਉਂਕਿ ਵੀਰ ਸਿੰਘ ਹੋਰਾਂ ਦੀ ਕਵਿਤਾ ਵਿੱਚ ਦਾਰਸ਼ਨਿਕਤਾ, ਸੰਸਕ੍ਰਿਤੀ ਅਤੇ ਸੌਂਦਰਯ ਦੀ ਅਲੌਕਿਕ ਧਾਰਾ ਵੀ ਵਿਦਮਾਨ ਹੈ, ਜਦਕਿ 'ਚਾਤ੍ਰਿਕ' ਜੀ ਦੀ ਕਵਿਤਾ ਵਿੱਚ ਜਨ-ਸਾਧਾਰਣ ਦੇ ਹਾਵ-ਭਾਵ ਹੀ ਭਾਰੂ ਹਨ। ਉਹ ਆਦ੍ਰਿਸ਼ ਦੀ ਥਾਵੇਂ ਦ੍ਰਿਸ਼ ਦੀ ਹੀ ਕਵਿਤਾ ਕਰਦੇ ਹਨ। ਅਦ੍ਰਿਸ਼, ਅਰੂਪ ਅਤੇ ਅਪ੍ਰਤੱਖ ਪ੍ਰਤੀ, ਚਿਤ ਭਾਈ ਵੀਰ ਸਿੰਘ ਆਪਦੇ ਚੁਪਾਸੇ ਨੂੰ ਜਿਸ ਦ੍ਰਿਸ਼ਟੀ ਨਾਲ ਤੱਕਦੇ ਹਨ ਇਸ ਵਿੱਚ ਸੰਸਕ੍ਰਿਤੀ ਦੀ ਭਾਵਨਾ ਪ੍ਰਧਾਨ ਹੈ ਜਦ ਕਿ 'ਚਾਤ੍ਰਿਕ' ਦੀ ਕਾਵਿ ਦ੍ਰਿਸ਼ਟੀ ਵਿੱਚ ਸਭਿਆਚਾਰ ਅਤੇ ਨੈਤਿਕਤਾ ਭਾਰੂ ਹੈ। ਇਸ ਲਈ ਇਹ ਲਾਜ਼ਮੀ ਬਣ ਜਾਂਦਾ ਹੈ ਕਿ ਸੰਸਕ੍ਰਿਤੀ ਅਤੇ ਸਭਿਆਚਾਰ ਦੀ ਪਰਿਅਭਾਸ਼ਾ ਦੁਆਰਾ ਅਜਿਹਾ ਪ੍ਰੀਪੇਖ ਸਿਰਜਿਤ ਕੀਤਾ ਜਾ ਸਕੇ ਜਿਸ ਸਦਕਾ 'ਚਾਤ੍ਰਿਕ' ਹੋਰਾਂ ਦੁਆਰਾ ਪ੍ਰੇਸ਼ੇਸਿਤ ਸਭਿਆਚਾਰ ਪ੍ਰਤੀ ਗਿਆਨ ਹੋ ਜਾਵੇ।

ਲੌਕਿਕ, ਅਲੌਕਿਕ, ਪਦਾਰਥਿਕ, ਅਧਿਆਤਮਿਕ ਅਤੇ ਸੰਸਾਰਿਕ ਚਿੰਤਨ ਦੀ ਸੂਖਮਤਾ ਨੂੰ ਸੰਸਕ੍ਰਿਤੀ ਕਿਹਾ ਜਾਂਦਾ ਹੈ। ਸੰਸਕ੍ਰਿਤਕ ਬੋਧ ਨਹੀਂ ਵਿਵੇਕ ਹੈ। ਸੰਸਕ੍ਰਿਤੀ ਸਥੂਲ ਨਹੀਂ, ਭਾਧਯ ਹੈ। ਸੰਸਕ੍ਰਿਤੀ ਅਦਿੱਖ ਅਤੇ ਸਭਿਆਚਾਰ ਦਿੱਖ ਹੈ। ਸੰਸਕ੍ਰਿਤੀ, ਦਰਸ਼ਨ ਅਤੇ ਸਭਿਆਚਾਰ ਵਿਵਹਾਰ ਹੁੰਦਾ ਹੈ। ਸੋ 'ਚਾਤ੍ਰਿਕ' ਆਪਦੀ ਕਵਿਤਾ ਵਿੱਚ ਵਿਵਹਾਰ ਅਤੇ ਵਤੀਰੇ ਦੀ ਗੱਲ ਕਰਦਾ ਹੈ। ਉਹ ਸੰਸਕ੍ਰਿਤੀ ਲਈ ਪ੍ਰਾਚੀਨ ਭਾਰਤੀ ਨੈਤਿਕਤਾ ਵੱਲ ਵੀ ਆਪਣੀ ਅਨੁਭੂਤੀ ਨੂੰ ਤੋਰਦਾ ਹੈ। ਸੰਸਕ੍ਰਿਤੀ, ਸਭਿਆਚਾਰ ਦਾ ਆਤਮ-ਤੱਤ ਹੁੰਦੀ ਹੈ। ਸਭਿਆਚਾਰ, ਸਮਾਜ ਦੀ ਵਿਉਂਤ ਹੈ। ਕਵਿਤਾ ਇਸ ਵਿਉਂਤ ਦੀ ਸੰਵੇਦਨਸ਼ੀਲ ਵਿਆਖਿਆ ਹੁੰਦੀ ਹੈ। 'ਚਾਤ੍ਰਿਕ' ਆਪਣੀ ਕਵਿਤਾ ਨੂੰ ਸਭਿਆਚਾਰ ਦੀ ਸੰਵੇਦਨਸ਼ੀਲ ਵਿਆਖਿਆ ਨਹੀਂ ਸਗੋਂ ਵਰਣਾਤਮਿਕ ਬਿਆਨ ਹੀ ਬਣਾ ਸਕਿਆ ਹੈ

''ਹਰੇ ਭਰੇ ਹੇ ਦੇਸ਼ ਪੰਜਾਬ ਮੇਰੇ,
ਸਾਰੇ ਦੇਸ਼ਾਂ ਦੇ ਸਿਰ ਦਾ ਸਰਦਾਰ ਹੈ ਤੂੰ
ਮੁਕਟ ਸਿਹਰਿਆਂ ਲੱਦਿਆਂ ਪਰਬਤਾਂ ਦਾ,
ਲਾੜਾ ਰੱਬ ਨੇ ਦਿੱਤਾ ਸ਼ਿੰਗਾਰ ਹੈ ਤੂੰ,
ਪੰਜਾਂ ਨੈਆਂ ਦੀ ਸਾਈਂ ਨੇ ਲਹਿਰ ਲਾਈ,
ਨਹਿਰਾਂ ਨਾਲ ਬਣ ਰਿਹਾ ਗੁਲਜ਼ਾਰ ਹੈ ਤੂੰ,
ਭਾਰਤ-ਵਰਸ਼ ਦੇ ਸੀਸ ਤੇ ਛਤਰ ਛਾਇਓ,
ਅੰਨਾ ਧਨਾਂ ਦਾ ਭਰਿਆ ਭੰਡਾਰ ਹੈ ਤੂੰ।''

''ਸੂਫੀ-ਖਾਨਾ, ਪੰਨਾ 74

ਵਰਣਾਤਮਿਕ-ਬਿਆਨ ਵਿੱਚ ਕਵਿਤਾ ਦੀ ਥਾਵੇ ਰੂਪ-ਰੇਖਾ ਵਧੇਰੇ ਹੁੰਦੀ ਹੈ। ਹਾਂ, ਕਦੇ ਕਦੇ ਜਦੋਂ ਇਸ ਰੂਪ-ਰੇਖਾ ਨੂੰ 'ਚਾਤ੍ਰਿਕ' ਅਨੁਭੂਤੀ ਦੀ ਸੂਖਮਤਮ ਧਰਾਤਲ ਤੋਂ ਉਸਾਰਦਾ ਹੈ ਤਾਂ ਉਸਦੀ ਵਸਤੂ ਸੁਗੰਧਿਤ ਹੋ ਉਠਦਾ ਹੈ। ਇਸ ਤਰ੍ਹਾਂ ਕਾਵਿ-ਸੰਵਦਨਾ ਤਰਲ ਬਣਦੀ ਹੋਈ ਵਰਨਣ ਤੱਕ ਹੀ ਮਹਿਦੂਦ ਨਹੀਂ ਰਹਿੰਦੀ।

''ਤੇਰੀ ਮਿੱਟੀ ਵਿੱਚ ਮਹਿਕ ਸ਼ਹੀਦੀਆਂ ਦੀ,'' ਉਹੀ-ਪੰਨਾ, 78

''ਪੰਜਾਬੀ ਸਭਿਆਚਾਰ ਦੀ ਰੂਪ-ਰੇਖਾ ਨਿਰਧਾਰਿਤ ਕਰਦਾ ਹੋਇਆ 'ਚਾਤ੍ਰਿਕ' ਲਿਖਦਾ ਹੈ ਕਿ ਪੰਜਾਬੀ ਦਾ ਸੁਭਾਉ ਬੜਾ ਮਿੱਠਾ, ਜੀਵਨ ਬੜਾ ਸਾਦਾ, ਲੋਕ ਬਡੇ ਮਿਲਾਪੜੇ, ਹਮਦਰਦ, ਸਾਫ ਦਿਨ ਤੇ ਆਦਰ ਭਰੇ ਹਲ। ਪੇਂਡੂ ਪੰਜਾਬੀਆਂ ਦੇ ਇਸ ਸਭਾਓ ਦੀ ਤਸਵੀਰ ਉਸਨੇ ਆਪਣੀਆਂ ਅਨੇਕਾਂ ਕਵਿਤਾਵਾਂ ਵਿੱਚ ਖਿੱਚੀ ਹੈ।
''ਧਨੀ ਰਾਮ 'ਚਾਤ੍ਰਿਕ' ਇਕ ਅਧਿਐਨ,'' ਪੰਨਾ 44 ਰੁਚੀਆਂ ਨੂੰ ਜ਼ਹਿਰੀਲਾ ਹੁੰਦਿਆਂ 'ਚਾਤ੍ਰਿਕ' ਜਦੋਂ ਮਹਿਸੂਸ ਕਰਦਾ ਹੈ ਤਾਂ ਉਸ ਅੰਦਰ ਆਪਣੇ ਸਭਿਆਚਾਰ ਲਈ, ਮੋਹ ਹੋਰ ਗਾੜ੍ਹਾ ਹੋ ਜਾਂਦਾ ਹੈ।
ਉਹ ਆਪਦੇ ਸਭਿਆਚਾਰ ਦੀ ਸਿਫਤ ਕਰਦਾ ਹੋਇਆ, ਪਦਾਰਥ ਪ੍ਰਤੀ ਪ੍ਰਣਾਤਮਿਕ ਦ੍ਰਿਸ਼ਟੀ ਵੀ ਅਪਣਾਉਂਦਾ ਹੈ। ਅਜਿਹੀ ਸਥਿਤੀ ਵਿੱਚ ਉਹ ਸਨਾਤਨੀ ਪਰੰਪਰਾ ਨੂੰ ਪੂਜਦਾ ਵੀ ਨਜ਼ਰ ਆਉਂਦਾ ਹੈ।

''ਹੱਕ ਹਲਾਲ ਦਾ ਅੰਨ ਮਿਹਨਤੀ, ਰਜ ਕੇ ਲੱਗ ਪਏ
ਖਾਣ, ਰਾਜਾ ਪਰਜਾ ਰਾਜ਼ੀ ਹੋ ਗਏ, ਖੋਸ਼ ਹੋ ਗਿਆ ਭਗਵਾਨ।
ਦੋਸਤਾ! ਸਮਾਂ ਬਡਾ ਬਲਵਾਨ। ਸੂਫੀ-ਖਾਨਾ, ਪੰਨਾ31
ਗ਼ਲਬਾ ਸਚਾਈ ਦਾਸੀ, ਰਿਸੀਆਂ ਦੀ ਗਲ ਸੀ ਚਲਦੀ,
ਇਨਸਾਫ ਦੇ ਸਹਾਰੇ, ਚਲਦਾ ਸੀ ਕਾਰਖਾਨਾ।
ਉਹੀ-ਪੰਨਾ 43
ਉਹ ਸ਼ਾਨ ਰਾਜਪੂਤੀ, ਓਹ ਮਰਹਟੇ ਬਹਾਦਰ,
ਦਲ ਸ਼ੇਰ ਖਾਲਸੇ ਦਾ, ਬਲਕਾਰ ਦਾ ਖਜ਼ਾਨਾ।
ਉਹੀ-ਪੰਨਾ 42

ਹਰ ਸਭਿਆਚਾਰ ਦਾ ਅਪਣਾ ਇਕ ਸੁਭਾਅ ਹੁੰਦਾ ਹੈ ਇਸ ਸੁਭਾਅ ਦੀ ਪਹਿਚਾਣ ਸਮਾਜ ਦੇ ਸਮੁੱਚ ਵਿਚੋਂ ਹੀ ਕਵੀ-ਹਿਰਦਾ ਪ੍ਰਾਪਤ ਕਰਦਾ ਹੈ। ਪੰਜਾਬੀ ਸਭਿਆਚਾਰ ਦੀ ਪਹਿਚਾਣ ਸਮੇਂ 'ਚਾਤ੍ਰਿਕ' ਮਾਂਸਲ ਪਹਿਚਾਣ ਤੱਕ ਤਾਂ ਸਹਿਜੇ ਹੀ ਪੁੱਜ ਜਾਂਦਾ ਹੈ, ਪਰ ਉਹ ਸਭਿਆਚਾਰ ਦੇ ਆਤਮ-ਤੱਤ ਤੱਕ ਨਹੀ ਪੁੱਜਦਾ।

''ਜ਼ੋਬਨ ਮਝੈਲਣਾਂ ਦਾ ਝਲਕਦਾ ਗੁਲਾਬ ਤੇ,
ਸ਼ਾਲਾ ਏਹੋ ਰੰਗ ਚੜ੍ਹੇ ਸਾਰੇ ਹੀ ਪੰਜਾਬ ਤੇ।''
(ਸੂਫੀ-ਖਾਨਾ, ਪੰਨਾ 80)

ਬਾਹਰੀ-ਬਹਾਰ ਲਈ ਲੋਚਦਾ ਹੋਇਆ 'ਚਾਤ੍ਰਿਕ' ਪੰਜਾਬ ਪ੍ਰਤੀ ਸਿਰੇ ਦੀ ਸੁਹਿਰਦਤਾ ਰੱਖਦਾ ਹੈ।
''ਚਾਤ੍ਰਿਕ ਦੇ ਪੰਜਾਬੀ ਸਭਿਆਚਾਰ ਦੀ ਖੂਬੀ ਇਹ ਹੈ ਕਿ ਉਸਨੇ ਮੋਹਨ ਸਿੰਘ ਵਾਂਗ ਨਿਰੇ ਪੋਠੋਹਾਰ ਦੇ ਗੁਣ ਹੀ ਨਹੀ਼ ਗਾਏ, ਸਗੋਂ ਮਾਝੇ, ਮਾਲਵੇ, ਦੜੱਪ, ਕੰਢੀ ਬੇਟ, ਡੁੱਗਰ ਆਦਿ ਸਭ ਨੂੰ ਆਪਣਾ ਸਮਝ ਕੇ ਪਿਆਰ ਕੀਤਾ ਹੈ। ਪੰਜਾਬ ਦੀ ਹਰੀ-ਭਰੀ, ਲਹਿ ਲਹਿ ਕਰਦੀ, ਪੰਜਾ ਦਰਿਆਵਾਂ ਨਾਲ ਸਿੰਜੀ ਤੇ ਹਿਮਾਲੀਆਂ ਦੇ ਮੁਕਟ ਨਾਲ ਸ਼ਿੰਗਾਰੀ ਧਰਤੀ ਦੇ ਹੁਸਨ ਨੂੰ ਦੇਖ ਕੇ ਉਹ ਖੀਵਾ ਹੋ ਹੋ ਪੈਂਦਾ ਸੀ।

''ਮਾਝੇ, ਮਾਲਵੇ, ਦੜੱਪ, ਬਹਾਰ ਬੋਧੀ,
ਖਾਨ ਸੋਨੇ ਦੀ ਹੋ ਗਈ ਬਾਰ ਤੇਰੀ।
ਕੰਢੀ, ਬੇਟ, ਡੁੱਗਰ, ਮੈਨ, ਦਵਾਬ ਲੰਮਾ,
ਲਹਿ ਲਹਿ ਕਰੇ ਘੰਨੀ ਪੋਠੋਹਾਰ ਤੇਰੀ।
ਤੇਰੇ ਹਲਾਂ ਪੰਜਾਲੀਆਂ ਰੰਗ ਲਾਇਆ,
ਚਾਰੇ ਕੂਟ ਖਾਵੇ ਪੈਦਾਵਾਰ ਤੇਰੀ।''
ਸੂਫੀ-ਖਾਨਾ, ਪੰਨਾ 74

'ਚਾਤ੍ਰਿਕ' ਪੰਜਾਬੀ ਸਭਿਆਚਾਰ ਨੂੰ ਨਿਰਮਲ ਰੱਖਣ ਲਈ ਫਿਰਕੇਦਾਰੀ ਭਾਵਨਾ ਨੂੰ ਮੰਦਾ ਸਮਝਦਾ ਹੋਇਆ, ਪਾਖੰਡ ਦੇ ਵਿਰੋਧ ਵਿੱਚ ਖੜਾ ਹੁੰਦਾ ਹੈ। ਉਸ ਅਨੁਸਾਰ ਪੰਜਾਬੀ-ਸਭਿਆਚਾਰ ਦਾ ਸਾਊ, ਬਹਾਦਰੀ, ਉਤਸ਼ਾਹ, ਨਾਚ, ਸੰਗੀਤ ਅਤੇ ਸਪੱਸ਼ਟਤਾ ਵਾਲਾ ਪੱਖ ਪ੍ਰਵਾਨਗੀ ਦੀ ਵਸਤੂ ਹੋਣਾ ਚਾਹੀਦਾ ਹੈ।

''ਮੈਂ ਪੈਦਾ ਹੋਇਆ ਇਸ ਦੁਨੀਆਂ ਵਿਚ।
ਚਾਰ ਦਿਹਾੜੇ ਜੀਵਣ ਲਈ,
ਭਲਿਆ ਲੋਕਾਂ ਵਿੱਚ ਬਹਿਣ ਲਈ
ਇਨਸਾਨ ਬਣਨ ਤੇ ਨੀਉਣ ਲਈ। ਸੂਫੀ-ਖਾਨਾ, ਪੰਨਾ 52
''ਮਜ਼ਹਬ ਤੇ ਫਿਰਕੇਦਾਰੀ ਦੀ,
ਰੰਗਣ ਨੇ ਮੋਹਿਆ ਨਹੀਂ।'' ਉਹੀ-ਪੰਨਾ, 52
''ਰੱਬ ਦੇ ਚਾਲਾਕ ਏਜੰਟਾਂ ਨੂੰ,
ਨਿੱਤ ਨੰਗਾ ਕਰਦਾ ਆਇਆ ਹਾਂ।'' ਉਹੀ-ਪੰਨਾ 53

'ਚਾਤ੍ਰਿਕ' ਸਭਿਆਚਾਰ ਅਤੇ ਸੰਸਕ੍ਰਿਤੀ ਨੂੰ ਸ਼ਰਧਾਵਾਨ ਵਿਅਕਤੀ ਵਾਂਗ ਉਪਾਸਨਾ ਲਈ ਵਰਤਦਾ ਹੈ। ਉਹ ਸਭਿਅਤਾ, ਸਭਿਆਚਾਰ ਅਤੇ ਸੰਸਕ੍ਰਿਤੀ ਦੇ ਦਵੰਦਵਾਦੀ ਕਰਮ ਪ੍ਰਤੀ ਉਦਾਸੀਨ ਹੈ। ਉਹ ਇਸ ਦੇ ਕਰਮ ਅਤੇ ਪ੍ਰਤੀਕਰਮ ਪ੍ਰਤੀ ਘੱਟ ਸੁਚੇਤ ਜਾਪਦਾ ਹੈ।
''ਇਹ ਇਕ ਮਨੋਵਿਗਿਆਨਕ ਤੱਥ ਹੈ ਕਿ ਵਧੇਰੇ ਸਮੇਂ ਤੱਕ ਗੁਲਾਮ ਕਮਜ਼ੋਰ ਅਤੇ ਲਿਤਾੜੇ ਜਾਣ ਵਾਲੀਆਂ ਕੌਮਾਂ ਵਿੱਚ ਆਪਣੇ ਅਤੀਤ-ਕਾਲ ਪ੍ਰਤੀ ਇਕ ਅਜਿਹੀ ਗੌਰਵਮਈ ਭਾਵਨਾ ਘਰ ਕਰ ਜਾਂਦੀ ਹੈ, ਇਸ ਵਿੱਚ ਸਿਵਾਏ ਭਰਮ, ਮੋਹ ਅਤੇ ਆਤਮ-ਤੁਸ਼ਟੀ ਤੋਂ ਬਿਨਾਂ ਹੋਰ ਕੁਝ ਨਹੀਂ ਹੁੰਦਾ। ਇਹ ਭਾਵਨਾ ਗੁਲਾਮੀ ਸਮੇਂ ਕੌਮ ਦੇ ਆਤਮ-ਅਭਿਮਾਨ ਨੂੰ ਕੁੰਠਿਤ ਨਹੀਂ ਹੋਣ ਦਿੰਦੀ। ਪਰ ਸੁਤੰਤਰ ਹੋਣ ਮਗਰੋਂ ਉਸ ਰਾਸ਼ਟਰ ਲਈ ਜ਼ਹਿਰ ਦਾ ਕੰਮ ਕਰਦੀ ਹੈ, ਅਤੇ ਸਮੁੱਚੇ ਵਿਕਾਸ, ਤਰੱਕੀ ਅਤੇ ਸੁਧਾਰ ਦੇ ਰਾਹ ਵਿੱਚ ਭਿਆਨਕ ਰੁਕਾਵਟ ਬਣ ਜਾਦੀ ਹੈ।'' [1]

ਪ੍ਰਾਚੀਨ ਹਿੰਦੂ ਸੰਸਕਿਤੀ' 'ਸਰਿਤਾ' ਨਵੰਬਰ 1949 ਦਿੱਲੀ

'ਚਾਤ੍ਰਿਕ' ਦੇ ਭਾਵ-ਬੋਧ ਦਾ ਹੇਤੂ ਸਿਭਆਚਾਰ, ਨੈਤਿਕਤਾ, ਸਦਾਚਾਰ ਅਤੇ ਸਦਭਾਵਨਾ ਬਣੀ ਹੋਈ ਹੈ। 'ਚਾਤ੍ਰਿਕ' ਦਾ ਭਾਵ-ਬੋਧ, ਸੰਸਥਾਰ, ਸਿੱਖਿਆ, ਸੰਵੇਦਨਾ, ਸੋਚ ਸਮਝ, ਰਾਜਨੀਤੀ, ਆਰਥਿਕਤਾ, ਅਤੇ ਰਾਜਨੀਤਿਕ-ਵਿਵਹਾਰ ਨੂੰ

ਪੇਤਲੀ ਜਿਹੀ ਪੱਧਰ ਅਨੁਸਾਰ ਅਪਣਾਉਂਦਾ ਹੋਇਆ, ਸਤੋਗੁਣੀ ਬਣਿਆ ਰਹਿੰਦਾ ਹੈ। ਸੁਆਲ ਸਿਰਫ ਸਥੂਲਡ ਅਤੇ ਸੂਖਮ ਚਿੱਤਰਣ ਦਾ ਹੈ। ਸਥੂਲ ਚਿੱਤਰ ਪ੍ਰਚਾਰ ਹੈ ਤੇ ਸੂਖਮ ਪ੍ਰਚਾਰ ਦੇ ਪ੍ਰਕਰਣ ਨੂੰ ਪ੍ਰਾਕ੍ਰਿਤਿਕ ਬਦਾਕੇ ਅਜਿਹੀ ਸੁਭਾਵਿਤ ਵਸਤੂ ਬਦਾ ਲੈਂਦਾ ਹੈ ਜਿਸਦੀ ਸੰਸਕ੍ਰਿਤਿਕ ਕੀਮਤ ਵੱਧ ਹੁੰਦੀ ਹੈ। 'ਚਾਤਿਕ' ਪੇਂਡੂ ਸਭਿਆਚਾਰ ਦਾ ਚਿਤੇਰਾ ਹੈ। ਨਿਰਸੰਦੇਹ ਇਸ ਸਭਿਆਚਾਰ ਦੀਆਂ ਵੀ ਆਪਣੀ ਸਮੱਸਿਆਵਾਂ ਹੁੰਦੀਆਂ ਹਨ। ਪੇਂਡੂ ਸਭਿਆਚਾਰ ਦੀ ਆਪਣੀ ਮਰਯਾਦਾ ਅਤੇ ਮਮਤਾ ਹੈ। ਇਥੇ ਇਸ ਪ੍ਰਕਰਣ ਵਿੱਚ ਮਰਯਾਦਾ, ਪ੍ਰਿਤ ਅਤੇ ਮਮਤਾ ਰੂੜੀ ਨੂੰ ਦਰਸਾਉਂਦੀ ਹੈ। ਇਸ ਮਰਯਾਦਾ ਤੇ ਮਮਤਾ ਦੀ ਪ੍ਰਵਿਰਤੀ ਨੂੰ ਕਈ ਰਾਜਸੀ ਪਾਰਟੀਆਂ ਨੇ ਵੀ ਆਪਣੇ ਰਾਜਸੀ ਸੁਆਰਥ ਅਨੁਸਾਰ ਵਰਤਿਆ ਹੈ, ਜਿਸ ਕਾਰਣ ਅੱਜ ਦਾ ਪੇਂਡੂ-ਵਿਰਸਾ, ਨਵੀਆਂ ਆਰਥਿਕ ਔਕੜਾਂ, ਸਮੱਸਿਆਵਾਂ ਅਤੇ ਪ੍ਰਾਪਤੀਆਂ ਪ੍ਰਤੀ ਅਜੇ ਵੀ, ਭਾਸ਼ਾਵਾਦੀ ਬਣਕੇ, ਧਾਰਮਿਕ ਦ੍ਰਿਸ਼ਟੀਕੋਣ ਨੂੰ ਹੀ ਪ੍ਰਮੁੱਖ ਸਥਾਨ ਦਿੰਦਾ ਹੈ। ਜਦ ਕਿ ਪੇਂਡੂ ਸਭਿਆਚਾਰ ਅਤੇ ਸਭਿਅਤਾ ਦਾ ਸਮੁੱਚਾ ਆਕਾਰ ਪਦਾਰਥ ਤੋਂ ਵੀ ਪ੍ਰਭਾਵਿਤ ਹੋ ਰਿਹਾ ਹੈ। ਇਸ ਪ੍ਰਕਾਰ ਦੇ ਦਵੰਦ ਵਿਚੋਂ ਜਿਸ ਭਾਵ-ਬੋਧ ਨੇ ਪੇਂਡੂ ਚਿੰਤਨ ਨੂੰ ਪ੍ਰਭਾਵਿਤ ਕੀਤਾ ਹੈ ਉਸ ਦਾ ਚਿੱਤਰ ਪੇਸ਼ ਕਰਨ ਲਈ ਜਿਸ ਕਾਵਿ-ਸੰਵੇਦਨਾ, ਕਾਵਿ-ਅਨੁਭਵ ਦੀ ਲੋੜ ਸੀ, ਉਸ ਦੀ ਅਜੇ ਵੀ ਪੰਜਾਬੀ ਕਾਵਿ-ਸਿਰਜਣਾ ਵਿੱਚ ਅਣਹੋਂਦ ਜਾਪਦੀ ਹੈ। 'ਚਾਤ੍ਰਿਕ' ਇਸ ਪ੍ਰਕਾਰ ਦੇ ਨਵੀਨ ਭਾਵ-ਬੋਧ ਨੂੰ ਅਨੁਭਵ ਕਰਦਾ ਹੋਇਆ ਆਖਦਾ ਤਾਂ ਹੈ :-

''ਤਕ ਮਜ਼ਹਬ ਦਾ ਸੂਰਜ ਢਲਦਾ,
ਮਨੁੱਖਤਾ ਦਾ ਸਿੱਕ ਚਲਦਾ,
ਮਕਰ ਦਿਖਾਵੇ ਦਾ ਮੂੰਹ ਕਾਲਾ,
ਸੱਚ ਦੀ ਜੈ-ਜੈ ਕਾਰ,
ਪੰਛੀਆਂ! ਨਵੀਂ ਉਡਾਰੀ ਮਾਰੀ'' ਉਹੀ-ਖਾਨਾ, ਪੰਨਾ 69
ਦਫਨ ਹੋ ਰਹੀ ਫਿਰਕੇਦਾਰੀ,
ਛੂਹ ਦੀ ਲਾਹਨਤ, ਬੇ-ਇਤਬਾਰੀ,
ਗ਼ਲਤ ਅਕੀਦਿਆਂ ਦੀ ਬੀਮਾਰੀ,
ਸਭ ਦੁਨੀਆਂ ਬੇਜ਼ਾਰ,
ਪੰਛੀਆਂ! ਨਵੀਂ ਉਡਾਰੀ ਮਾਰ। ਉਹੀ-ਪੰਨਾ 68

'ਚਾਤ੍ਰਿਕ' ਜੀ ਦੇ ਕਾਵਿ-ਸੰਸਾਰ ਵਿੱਚ ਸ਼ਹਿਰੀ ਵਾਤਾਵਰਣ ਅਤੇ ਸ਼ਹਿਰੀ ਸਭਿਅਤਾ, ਵਿਗਿਆਨ ਅਤੇ ਬਦਲਦੇ ਸਮਾਜਿਕ ਸੰਦਰਭ ਸਹਿਜ ਰੂਪ ਵਿੱਚ ਮਿਲਿਤ ਨਹੀਂ ਹੋ ਰਹੇ। ਉਹ ਤਾਂ ਪੇਂਡੂ ਜ਼ਿੰਦਗੀ ਪੇਂਡੂ ਵਾਤਾਵਰਣ ਅਤੇ ਪੇਂਡੂ ਸਭਿਆਚਾਰ ਨੂੰ ਆਪਣੀ ਕਾਵਿ-ਸੰਵੇਦਨਾ ਦਾ ਮੂਲ ਬਣਾਉਂਦਾ ਹੈ ਜੱਟ' 'ਚਾਤ੍ਰਿਕ' ਦਾ ਨਾਇਕ, ਉਸ ਲਈ ਸਟੇਜ਼ ਹੈ।

''ਪੰਜਾਬੀ ਭਾਵਨਾ ਦੇ ਪਿੱਛੇ ਜਿਹੜਾ ਵਿਚਾਰ ਸਭ ਤੋਂ ਵੱਧ ਚਾਤ੍ਰਿਕ ਜੀ ਦੇ ਦਿਮਾਗ ਵਿੱਚ ਸੀ, ਉਹ ਇਹ ਸੀ ਕਿ ਅਸਲ ਪੰਜਾਬ ਉਹ ਹੈ ਜਿਹੜਾ ਪਿੰਡਾਂ ਵਿੱਚ ਵਸਦਾ ਹੈ।''[2]
ਧਨੀ ਰਾਮ 'ਚਾਤ੍ਰਿਕ' ਅੰਕ, ਸਾਹਿਤ ਸਮਾਚਾਰ

ਪੇਂਡੂ ਜੀਵਨ ਚੋਂ ਪੈਦਾ ਹੋਈ 'ਚਾਤ੍ਰਿਕ' ਜੀ ਦੀ ਕਾਵਿ-ਚੇਤਨਾ, ਪੇਂਡੂ ਸਭਿਆਚਾਰ ਵਾਂਗ ਸਰਲ ਅਤੇ ਸਪਸ਼ਟ ਹੈ। ਉਸ ਵਿੱਚ ਉਲਝਾਬਾਜ਼ੀ ਨਹੀਂ, ਕਿਸੇ ਪ੍ਰਕਾਰ ਦੀ ਬਣਾਵਟ ਨਹੀ਼, ਇਸ ਵਿਚੋਂ ਪੁਰਾਣੇ ਪੰਜਾਬ ਦੀ ਪਹਿਚਾਣ ਹੋ ਸਕਦੀ ਹੈ। ਇਸ ਪਹਿਚਾਣ ਵਿੱਚ ਅਜਿਹਾ ਆਪਾ ਵਸਿਆ ਹੋਇਆ ਹੈ ਜਿਸ ਦੀ ਮਿਠਾਸ, ਸੰਨ ਸੰਤਾਲੀ ਦੇ ਰਾਜਸੀ ਭਾਂਬੜ ਮਗਰੋਂ ਵੀ ਪੰਜਾਬ ਦੇ ਦੋਹਾਂ ਟੁਕੜਿਆਂ ਦੇ ਦਿਲਾਂ ਦੀ ਸਾਂਝੀ ਧੜਕਨ ਹੈ।

ਸਭਿਆਚਾਰ ਵਿੱਚ ਨਿੱਕੀਆਂ ਨਿੱਕੀਆਂ ਵਸਤਾਂ ਨਾਲ ਮਾਨਸਿਕ-ਲਗਾਅ ਸਦਕਾ, ਇਕ ਅਜਿਹਾ ਸਭਿਆਚਾਰਕ ਮੋਹ ਪੈਦਾ ਹੋ ਜਾਂਦਾ ਹੈ, ਜਿਸ ਦੀ ਆਪਣੀ ਇਕ ਮਹੱਤਤਾ ਹੁੰਦੀ ਹੈ। 'ਪੱਗਡੰਡੀ ਅਤੇ ਪਾਂਧੀ' ਦਾ ਰਿਸ਼ਤਾ ਪੰਜਾਬ ਦੀ ਕਥਾਨਕ ਦਾ ਅਟੁੱਟ ਹਿੱਸਾ ਹੈ। ਪਹੇ, ਅਲਗੋਜ਼ੇ, ਰਾਹੀਂ, ਬੇਹਾ, ਸਬ, ਅਮਲੀ ਆਦਿ ਅਸਾਡੇ ਸਭਿਆਚਾਰ ਦੇ ਨਿੱਕੇ ਨਿੱਕੇ ਅਜਿਹੇ ਹੋਂਦ-ਦਿੱਸੇ ਹਨ, ਜਿਨ੍ਹਾਂ ਦੁਆਰਾ, ਸਭਿਆਚਾਰ ਦਾ ਆਤਮ-ਤੱਤ ਦਿੱਸਦਾ ਹੈ। 'ਚਾਤ੍ਰਿਕ' ਦੀ ਕਵਿਤਾ ਵਿੱਚ ਅਜੇਹੇ ਦਿੱਸ-ਹੱਦੇ ਆਮ ਹੀ ਮਿਲਦੇ ਹਨ।

''ਆਪਦੇ ਸਮੇਂ ਦੇ ਪੰਜਾਬੀ ਸਭਿਆਚਾਰ ਦੀ 'ਚਾਤ੍ਰਿਕ' ਨੂੰ ਹੇਨੀ ਭਰਪੂਰ ਜਾਣਕਾਰੀ ਸੀ ਕਿ ਉਸਨੇ ਇਸ ਦਾ ਚਿਤ੍ਰਣ ਕਰਨ ਲੱਗਿਆਂ ਕੋਈ ਪੱਖ ਵੀ ਅਛੋਹ ਨਹੀਂ ਰਹਿਣ ਦਿੱਤਾ।

ਪੰਜਾਬ ਦੇ ਲੋਕ-ਸਾਜ਼ ਵੰਝਲੀ ਤੇ ਤੂੰਬਾ ਹਨ। ਪੰਜਾਬ ਦੀਆਂ ਲੋਕ-ਤਰਜ਼ਾਂ 'ਹੀਰ' ਤੇ 'ਮਿਰਜ਼ਾ' (ਸੱਦਾ) ਹਨ। ਬੋਹੜਾਂ ਥਲੇ ਜੁੜੀਆਂ ਰੰਗੀਲੀਆਂ ਮਹਿਫਲਾਂ ਵਿੱਚ, ਚਾਰਾਂਦਾਂ ਵਿੱਚ ਪਸ਼ੂ ਚਾਰ ਰਹੇ ਪਾਲੀਆਂ ਦੀਆਂ ਟੋਲੀਆਂ ਵਿੱਚ, ਜਾਂ ਖੇਤਾਂ ਵਿੱਚ ਹਲ ਵਾਹ ਰਹੇ ਹਾਲੀਆਂ ਨੂੰ ਜ਼ਿੰਦਗੀ ਦਾ ਜ਼ੋ ਸਰੂਰ ਇਹ ਲੋਕ-ਤਰਜ਼ਾ ਦੇਂਦੀਆਂ ਹਨ ਉਹ ਕਿਸੇ ਓਪਰੇ ਬੰਦੇ ਲਈ ਸਮਝ ਸਕਣਾ ਕਠਿਨ ਹੈ।''[3]

ਸਭਿਆਚਾਰ, ਸਮਾਜ ਲਈ ਦਿਸ਼ਾ-ਬੋਧ ਦੇ ਇਕ ਲੰਮੇ ਸਿਲਸਿਲੇ ਚੋਂ ਸਭਿਆਚਾਰ ਚੋਂ ਸਭਿਆਚਾਰ ਦੀ ਆਪ ਮੁਹਾਰੇ ਹੀ ਉਸਾਰੀ ਹੁੰਦੀ ਰਹਿੰਦੀ ਹੈ। ਚਾਤ੍ਰਿਕ' ਜਿਸ ਸਭਿਆਚਾਰ ਨੂੰ ਚਿਤ੍ਰਿਤ ਕਰਦਾ ਹੈ, ਉਸ ਵਿੱਚ ਉਪਦੇਸ਼ਾਤਮਿਕ ਦਿਸ਼ਾ-ਬੋਧ ਹੁੰਦਾ ਹੈ।

ਮਨੁੱਖ ਦਿਸ਼ਾ-ਬੋਧ ਦਾ ਉਪਾਸ਼ਕ ਹੈ। ਮਾਨਵਵਾਦੀ ਦਿਸ਼ਾ-ਬੋਧ ਦਾ ਮੂਲ ਸਦਭਾਵਨਾ ਹੁੰਦੀ ਹੈ। ਸਦਭਾਵਨਾ ਵਿੱਚ ਸਨੇਹ, ਪ੍ਰੀਤ, ਇਸ਼ਕ, ਹੁਸਨ ਸੰਵੇਦਨਸ਼ੀਲਤਾ, ਸਿਰਜਣਾਤਮਿਕ-ਭਾਵ, ਸੁਹੱਪਣ, ਸਰਲਤਾ, ਪ੍ਰੇਮ ਅਤੇ ਸੁਚੱਜੀ ਸਮਾਜਿਕ-ਵਿਵਸਥਾ ਲਈ, ਭਾਈਚਾਰਕ ਵਿਉਂਤ ਹੁੰਦਾ ਹੈ। ਪ੍ਰੀਤ ਸਰਵੋਤਮ ਸਦਭਾਵਲਾ ਹੈ। ਪ੍ਰੀਤ ਭਾਈ ਚਾਰੇ ਦੀ ਦੇਣ ਹੁੰਦੀ ਹੈ। ਸੋ 'ਚਾਤਿਕ੍' ਸਦਭਾਵਨਾਤਮਿਕ ਸਭਿਆਚਾਰ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਉਂਦਾ ਹੈ:-

''ਬਾਹਰ ਨਿਕਲ ਆ, ਲਾਹ ਕੇ ਸੰਗਾ,
ਪਾਖੰਡਾਂ ਨੂੰ ਕਰ ਸੁਟ ਨੰਗਾ।
ਭਗਵਾ, ਨੀਲਾ, ਮਹਿੰਦੀ ਰੰਗਾ,
ਬੁਰਕਾ ਦਿਹ ਉਲਟਾ
ਜਵਾਨਾ! ਹਿੰਮਤ ਜ਼ਰਾ ਵਿਖਾ।'' ਸੂਫੀ-ਖਾਨਾ, ਪੰਨਾ 22

ਪ੍ਰਾਚੀਨ ਗੌਰਵ ਦੀ ਯਾਦ ਕਰਨ ਸਮੇਂ ਮਨੁੱਖੀ-ਮਨ ਦ੍ਰਵਿਤ ਹੁੰਦਾ ਹੈ ਹੈ ਇਸ ਪ੍ਰਕਾਰ ਦੀ ਮਨੋ-ਦਸ਼ਾ ਸਮੇਂ ਉਹ ਆਪਣੇ ਪੁਰਖਿਆਂ

ਨਾਲ ਜਾ ਜੁੜਦਾ ਹੈ, ਸਭਿਆਚਾਰ ਦੀ ਪ੍ਰਸੰਸਾ ਕਰਦਾ ਹੈ, ਨੈਤਿਕਤਾ ਅਪਣਾਉਂਦਾ ਹੈ। ਆਪਣੇ ਵਿਰਸੇ ਅਤੇ ਵਿਰਾਸਤ ਲਈ ਤੜਪਦਾ ਹੋਇਆ ਭੂਤ ਅਤੇ ਵਰਤਮਾਨ ਦੀ ਤੁਲਨਾ ਕਰਨ ਬੈਠ ਜਾਂਦਾ ਹੈ। ਵਰਤਮਾਨ ਵਿੱਚ ਆਈਆਂ ਔਂਕੜਾਂ ਨੂੰ, ਵਿਰਸੇ ਅਣਡਿੱਠ ਕਰਨ ਕਰਕੇ, ਹੋ ਜਾਣ ਦਾ ਕਾਰਣ ਸਮਝਦਾ ਹੈ। ਭੂਗੋਲਿਕ-ਸਥਿਤੀ ਅਤੇ ਆਪਣੇ ਕੌਮੀ ਸਦਾਚਾਰ ਨੂੰ ਪਿਆਰ ਕਰਦਾ ਹੋਇਆ, ਉਸਦੇ ਗੁਣ ਗਾਉਂਦਾ ਹੈ। ਇਸ ਪ੍ਰਕਾਰ ਦੀ ਭਾਵ-ਭੂਮੀ ਵਾਲੀ ਦ੍ਰਿਸ਼ਟੀ ਵਾਲੀ ਕਾਵਿ-ਰਚਨਾ ਨੂੰ ਰਾਸ਼ਟਰੀ ਭਾਵਨਾ ਵਾਲੀ ਕਵਿਤਾ ਕਿਹਾ ਜਾ ਸਕਦਾ ਹੈ। ਰਾਸ਼ਟਰੀ-ਭਾਵਨਾ, ਦੇਸ਼-ਪਿਆਰ ਦਾ ਸੂਚਕ ਹੁੰਦੀ ਹੈ। ਇਸ ਭਾਵਨਾ ਅਧੀਨ ਲੋਕਾਂ ਨੂੰ ਦੇਸ਼ ਲਈ ਕੁਰਬਾਨ ਹੋਣ, ਆਪਣੇ ਦੇਸ਼ ਦਾ ਸਤਿਕਾਰ ਕਰਨ, ਦੇਸ਼ ਦੀ ਨਿਰਧਨਤਾ ਦੂਰ ਕਰਨ ਲਈ ਪ੍ਰੇਰਣਾਤਮਿਕ ਸਤਰਾਂ ਭੇਂਟ ਕੀਤੀਆਂ ਜਾਂਦੀਆਂ ਹਨ। ਡਾ. ਵਿਸ਼ਵਾ ਨਾਥ 'ਤਿਵਾੜੀ' ਅਨੁਸਾਰ ਦੇਸ਼ ਪਿਆਰ ਨੂੰ ਹਲੂਣਾ ਦੇਣ ਲਈ 'ਚਾਤ੍ਰਿਕ' ਹੋਰਾਂ ਨੇ ਹੇਠ ਲਿਖੇ ਢੰਗ ਅਪਣਾਏ ਹਨ।

(ੳ) ਦੇਸ਼ ਦਾ ਸੰਕਲਪ ਅਤੇ ਉਸ ਦੀ ਓਸਤਤ ਕਰਕੇ।
(ਅ) ਦੇਸ਼ ਦੇ ਪੁਰਾਣੇ ਗੌਰਵ ਦਾ ਪਰਗਟਾਅ ਕਰਕੇ।
(ੲ) ਦੇਸ਼ ਦੀਆਂ ਸਮੱਸਿਆਵਾਂ ਤੇ ਚਾਨਣ ਪਾ ਕੇ।
(ਸ) ਸਮੱਸਿਆਵਾਂ ਲਈ ਸਿਹਤਮੰਦ ਦ੍ਰਿਸ਼ਟੀਕੋਣ ਦੇ ਕੇ।
(ਹ) ਦੇਸ਼ ਦੇ ਭਵਿੱਖ ਦਾ ਨਕਸ਼ਾ ਚਿੱਤਰ ਕੇ।

'ਚਾਤ੍ਰਿਕ' ਦੇ ਇਸ ਪ੍ਰਚਾਰ ਦੇ ਸੰਕਲਪ, ਸ਼ਰਧਾ ਅਤੇ ਸੋਚ ਅਨੁਸਾਰ ਭਾਰਤੀ ਇਤਿਹਾਸ ਦੀ ਆਪਣੀ ਇਕ ਵਿਸ਼ੇਸ਼ ਮਹਾਨਤਾ ਬਣਦੀ ਹੈ। ਰਾਸ਼ਟਰ-ਭਾਵਨਾ ਨਾਲ ਸ਼ਰਧਾ, ਤਰਕ, ਵਿਸ਼ਲੇਸ਼ਣ ਅਤੇ ਵਿਆਖਿਆ ਨੂੰ ਵਿਗਿਆਨਿਕ ਅਤੇ ਦਵੰਦਵਾਦੀ ਬੋਧ ਅਨੁਸਾਰ ਅਪਣਾਇਆ ਇਕ ਵਿਸ਼ੇਸ਼ ਮਹਾਨਤਾ ਬਣਦੀ ਹੈ। ਰਾਸ਼ਟਰ-ਭਾਵਨਾ ਨਾਲ ਸ਼ਰਧਾ, ਤਰਕ, ਵਿਸ਼ਲੇਸ਼ਣ ਅਤੇ ਵਿਆਖਿਆ ਨੂੰ ਵਿਗਿਆਨਿਕ ਅਤੇ ਦਵੰਦਵਾਦੀ ਬੋਧ ਅਨੁਸਾਰ ਅਪਣਾਇਆ ਨਹੀਂ ਜਾਂਦਾ। ਸ਼ਰਧਾਲੂ-ਭਾਵ ਅਧੀਨ ਵਿਰੋਧ ਅਤੇ ਵਿਕਾਸਵਾਦੀ ਚਿੰਤਨ ਦੀ ਅਣਹੋਂਦ ਹੀ ਰਹਿੰਦੀ ਹੈ। ਗੁਲਾਮ ਭਾਰਤ ਦੀ ਦੁਰਦਸ਼ਾ ਦੀ ਦੁਹਾਈ ਦੇਂਦੀ ਕਾਵਿ-ਚੇਤਨਾ ਉਸਦੇ ਰਾਜਸੀ ਇਤਿਹਾਸ ਅਤੇ ਆਰਥਿਕ ਪਿਛੋਕੜ ਦਾ ਵਿਸ਼ਲੇਸ਼ਣ ਨਹੀਂ ਕਰਦੀ। 'ਚਾਤ੍ਰਿਕ' ਦਾ ਗੁਲਾਮੀ ਆਪਣੇ ਦੇਸ਼-ਭਗਤੀ ਵਾਲੇ ਜਜ਼ਬੇ ਨੂੰ ਦਰਸਾਉਂਦਾ ਹੋਇਆ ਸ਼ਖਸੀ ਪੂਜਾ ਦਾ ਉਪਾਸਕ ਵੀ ਬਣ ਬੈਠਾ ਹੈ। 'ਚਾਤ੍ਰਿਕ' ਦੇ ਰਾਸ਼ਟਰੀਤਵ ਅਨੁਸਾਰ ਗਾਂਧੀ ਜੀ ਅਤੇ ਨਹਿਰੂ ਮਹਾਨ ਪੁਰਖ ਹਨ। 'ਚਾਤ੍ਰਿਕ' ਉਨ੍ਹਾਂ ਦੀਆਂ ਸਿਆਸੀ ਕ੍ਰਿਆਵਾਂ ਅਤੇ ਪ੍ਰਤੀ ਕ੍ਰਿਆਵਾਂ ਪ੍ਰਤੀ ਵਿਸ਼ਲੇਸ਼ਣਵਾਦੀ ਨਹੀਂ ਬਣਦਾ।

''ਤਲਵਾਰ ਤੋਖ ਬੰਦੂਕ ਬੰਬ, ਜਦ ਸਭ ਨੁਸਖੇ ਬੇਕਾਰ ਗਏ,
ਤਦ ਭਗਵਾਨ ਵੱਲੋਂ ਭਾਰਤ ਵਿੱਚ, ਭੇਜੇ ਨਿਰਭੈ ਅਵਤਾਰ ਗਏ।''
''ਲੰਗੋਟੀ ਵਾਲੇ ਬਾਪੂ ਦੀ, ਲਲਕਾਰ ਗਈ ਅਸਮਾਨਾਂ ਤੇ,
ਚੁਪ-ਬਰਤੀ ਦੀ ਛਾਯਾ ਪੈ ਗਈ, ਚਲਾਕ ਸਿਆਸਤ ਦਾਨਾਂ ਤੇ।'' ਸੂਫੀ-ਖਾਨਾ, ਪੰਨਾ 82

ਸਿਆਸਤ ਅਤੇ ਸਾਮਰਾਜ ਲਈ 'ਚਾਤ੍ਰਿਕ' ਦੀ ਤਾਰਕਿਕਤਾ ਵਿੱਚ ਵਰਤਮਾਨ ਅਤੇ ਭਵਿੱਖ ਦੇ ਸਿੱਟਿਆਂ ਪ੍ਰਤੀ ਸੁਚੇਤ-ਭਾਵਨਾ ਨਹੀਂ ਗਾਂਧੀਵਾਦੀ-ਦਰਸ਼ਨ, ਜਿਸਨੂੰ ਰਾਸ਼ਟਰ-ਵਾਦੀ ਆਖਿਆ ਜਾਂਦਾ ਹੈ, ਭਾਰਤ ਦੀ ਵੰਡ ਨੂੰ ਸਹਾਰ ਨਾ ਸਕਿਆ। ਰਾਸ਼ਟਰ-ਨੇਤਾ ਦੀ ਚੇਤੰਨਤਾ ਰਾਸ਼ਟਰ ਦੇ ਭਵਿੱਖ ਨੂੰ ਆਪਣੀ ਕੌਮ ਸਾਹਮਣੇ ਨਿਰਭੈ, ਸਪਸ਼ਟ ਅਤੇ ਸਾਫਦ ਲਫਜ਼ਾਂ ਵਿੱਚ ਪੇਸ਼ ਕਰ ਦੇਂਦੀ ਹੈ। ਜੇਕਰ ਅਜਿਹਾ ਹੋਇਆ ਹੁੰਦਾ ਤਾਂ 'ਚਾਤ੍ਰਿਕ' ਹੋਰਾਂ ਨੂੰ ਦੇਸ਼ ਦੀ ਵੰਡ ਸਮੇਂ ਭਾਵੁਕ-ਕੀਰਨੇ ਨਾ ਪਾਉਣੇ ਪੈਂਦੇ। ਗਾਂਧੀ ਜੀ ਅੰਗਰੇਜ਼ੀ ਸਾਮਰਾਜ ਦੀ ਸਿਆਸੀ-ਸ਼ੈਤਾਨੀਅਤ ਨੂੰ ਸਮਝ ਨਾ ਸਕੇ। ਆਧੁਨਿਕਤਾ ਕੀ ਹੈ? :-

ਅੰਗਰੇਜ਼ ਰਾਜ ਸਥਾਪਿਤ ਹ'ਣ ਜਾਣ ਪਿੱਛੋਂ ਅੰਗਰੇਜ਼ੀ ਸਾਹਿਤ ਦੇ ਅਸਰ ਹੇਠ ਲਿਖੀ ਗਈ ਪੰਜਾਬੀ ਕਵਿਤਾ ਵਿਚ ਰੂਪ ਅਤੇ ਵਿਸ਼ੇ ਦੇ ਪੱਖਾਂ ਤੋਂ ਕ੍ਰਾਂਤੀਕਾਰੀ ਤਬਦੀਲੀ ਆਈ। ਇਸ ਲਈ ਇਸ ਕਾਲ ਦੀ ਕਵਿਤਾ ਨੂੰ ਆਧੁਨਿਕ ਕਵਿਤਾ ਕਹਿੰਦੇ ਹਨ। ਆਧੁਨਿਕ ਕਵਿਤਾ ਵਿਚ ਕਾਵਿ ਰੂਪਾਂ ਛੰਦਾਂ, ਅਲੰਕਾਰਾਂ ਦੇ ਨਵੇਂ ਤਜਰਬੇ ਕੀਤੇ ਗਏ ਅਤੇ ਵਿਸ਼ੇ ਦੀ ਚੋਣ, ਨਿਭਾ ਅਤੇ ਦ੍ਰਿਸ਼ਟੀਕੋਣ ਦੇ ਪਖਾਂ ਵਿੱਚ ਵੀ ਵੰਨ ਸੁਵੰਨਤਾ ਆਈ ਜ਼ੋ ਕਿ ਆਧੁਨਿਕ ਜੀਵਨ ਨਾਲ ਮੇਲ ਖਾਂਦੀ ਸੀ। ਉਦਾਹਰਣ ਵਜੋਂ ਅੰਗਰੇਜ਼ੀ ਰਾਜ ਦੀ ਸਥਾਪਤੀ ਤੋਂ ਤਹਿ ਕੁ ਸਾਲ ਬਾਅਦ ਜ਼ੋ ਮੁਸ਼ਾਇਰੇ ਅਤੇ ਕਵੀ ਦਰਬਾਰ ਸ਼ੁਰੂ ਹੋਏ ਇਨ੍ਹਾਂ ਦੇ ਫਲਸਰੂਪ ਛੋਟੀ ਕਵਿਤਾ ਲਿਖਣ ਦਾ ਰਿਵਾਜ ਆਰੰਭ ਹੋਇਆ। ਆਧੁਨਿਕਤਾ ਦੀ ਹੋਂਦ ਵਿਅਕਤੀਵਾਦ ਹੈ ਅਤੇ ਵਿਅਕਤੀਵਾਦ ਰੁਚੀ ਭਾਈ ਵੀਰ ਸਿੰਘ ਦੀ ਛੋਟੀ ਕਵਿਤਾ ਵਿਚ ਪਹਿਲੀ ਵਾਰੀ ਪ੍ਰਗਟ ਹੋਈ। ਭਾਈ ਸਾਹਿਬ ਦੀ ਆਧੁਨਿਕਤਾ ਦਾ ਦੂਜਾ ਲੱਛਣ ਇਹ ਸੀ ਕਿ ਉਹਨਾਂ ਨੇ ਇਸ਼ਕ ਮੁਸ਼ਕ ਦੇ ਪ੍ਰਚੱਲਿਤ ਵਿਸ਼ਿਆਂ ਨੂੰ ਛੱਡ ਕੇ ਨਿੱਜੀ ਅਨੁਭਵ ਉਤੇ ਮਹਿਸੂਸ ਕੀਤੇ ਸਦਾਚਾਰਕ, ਧਰਮ ਤੇ ਦਾਰਸ਼ਨਿਕ ਵਿਸ਼ਿਆਂ ਨੂੰ ਕਵਿਤਾ ਰਾਹੀਂ ਪ੍ਰਗਟਾਇਆ। ਛਾਇਆਵਾਦੀ ਰੋਗ ਵੀ ਪਹਿਲੀ ਵਾਰੀ ਵੀਰ ਸਿੰਘ ਨੇ ਹੀ ਪੰਜਾਬੀ ਕਵਿਤਾ ਵਿਚ ਲਿਆਂਦਾ।

3. ਆਧੁਨਿਕਤਾ ਦਾ ਜ਼ੋਰ ਵੱਧਣਾ:-

ਭਾਈ ਵੀਰ ਸਿੰਘ ਦੀ ਕਵਿਤਾ ਨਾਲ ਆਧੁਨਿਕਤਾ ਸ਼ੁਰੂ ਹੀ ਹੋਈ ਸੀ ਪਰ ਇਸ ਦਾ ਜ਼ੋਰ ਉਦੋਂ ਵੱਧਣਾ ਸ਼ੁਰੂ ਹੋਇਆ ਜਦੋਂ ਕਾਲਜਾਂ ਦੇ ਪੜ੍ਹੇ ਲਿਖੇ ਅੰਗਰੇਜੀ ਸਾਹਿਤ ਤੋਂ ਪੂਰੀ ਤਰ੍ਹਾਂ ਜਾਣਕਾਰੀ ਰੱਖਣ ਵਾਲੇ ਨੌਜਵਾਨ ਪੰਜਾਬੀ ਕਵਿਤਾ ਰਚਨ ਵਾਲੇ ਪਾਸੇ ਝੁਕੇ ਇਨਾਂ ਨੌਜੁਆਨ ਨੇ ਆਪਣੇ ਕਾਲਜ ਜੀਵਨ ਵਿਚ ਪੜ੍ਹੇ ਹੋਏ ਅੰਗਰੇਜ਼ੀ ਸਾਹਿਤ ਦੇ ਅਸਰ ਹੇਠ ਪੰਜਾਬੀ ਕਲਾ ਅਤੇ ਸ਼ੈਲੀ ਦੇ ਨਵੇਂ ਪ੍ਰਯੋਗ ਕੀਤੇ ਅਤੇ ਮਾਨਸਿਕ ਸੋਝੀ ਦੇ ਸੂਖਮ ਪ੍ਰਭਾਵ ਦੀ ਕਵਿਤਾ ਵਿਚ ਬੰਨ੍ਹਣੇ ਸ਼ੁਰੂ ਕੀਤੇ। ਇਹਨਾਂ ਉਚੇਰੀ ਅੰਗਰੇਜੀ ਵਿਦਿਆ ਵਾਲੇ ਪੰਜਾਬੀ ਕਵੀਆਂ ਦਾ ਮੋਢੀ ਕਵੀ ਪ੍ਰੋਫੈਸਰ ਪੂਰਨ ਸਿੰਘ ਸੀ। ਉਸਨੇ ਤੋਲ ਤੁਕਾਂਤ ਤੋਂ ਰਹਿਤ ਕਵਿਤਾ ਲਿਖਣ ਦੀ ਪਹਿਲ ਕੀਤੀ। ਵਿਸ਼ੇ-ਪੱਖ ਤੋਂ ਉਸ ਦੀ ਆਧੁਨਿਕਤਾ ਇਹ ਸੀ ਕਿ ਉਸ ਨੇ ਪੰਜਾਬ ਦੀਆਂ ਸਰਬ-ਸਾਧਾਰਣ ਚੀਜ਼ਾਂ ਨੂੰ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਇਆ। ਇਸ ਤੋਂ ਪਿਛੋਂ ਜ਼ੋ ਹੋਰ ਕਾਲਜਾਂ ਦੇ ਪੜ੍ਹੇ ਲਿਖੇ ਇਸ ਪਾਸੇ ਝੁਕੇ, ਉਹਨਾਂ ਵਿਚੋਂ ਕ੍ਰਿਪਾ ਸਾਗਰ, ਦੀਵਾਨ ਸਿੰਘ ਕਾਲੇ ਪਾਣੀ, ਡਾ. ਮੋਹਨ ਸਿੰਘ ਦੀਵਾਨਾ, ਪ੍ਰੋਫੈਸਰ ਮੋਹਨ ਸਿੰਘ, ਪ੍ਰੀਤਮ ਸਿੰਘ ਸਫੀਰ ਤੇ ਡਾ. ਗੋਪਾਲ

ਸਿੰਘ ਦਰਦੀ ਦੇ ਨਾਂ ਵਿਸ਼ੇਸ਼ ਵਰਣਨ ਯੋਗ ਹਨ। ਪਰ ਇਹਨਾਂ ਤੋਂ ਛੁੱਟ 1920 ਤੋਂ ਪਿਛੋਂ ਹੋਰ ਅਨੇਕ ਕਵੀ ਵੀ ਇਨ੍ਹਾਂ ਕਵੀਆਂ ਦੀਆਂ ਲੀਹਾਂ ਤੇ ਤੁਰਨ ਲਗ ਪਏ। ਇਹ ਭਾਵੇਂ ਕਾਲਜਾਂ ਦੇ ਪੜ੍ਹੇ ਲਿਖੇ ਨਹੀਂ ਸਨ। ਪਰ ਵਿਚਾਰਾਂ ਜਾਂ ਸ਼ੈਲੀ ਦੇ ਪੱਖ ਤੋਂ ਇਹਨਾਂ ਦੀ ਕਵਿਤਾ ਆਧੁਨਿਕ ਰੰਗਣ ਦੀ ਸੀ। ਇਨ੍ਹਾਂ ਵਿਚੋਂ ਧਨੀ ਰਾਮ 'ਚਾਤ੍ਰਿਕ', ਗਿਆਨੀ ਗੁਰਮੁਖ ਸਿੰਘ, 'ਮੁਸਾਫਰ', 'ਹਰਿੰਦਰ ਸਿੰਘ' 'ਰੂਪ', ਬਾਵਾ ਬਲਵੰਤ, ਅਵਤਾਰ ਸਿੰਘ, 'ਆਜ਼ਾਦ', ਆਦਿ ਦੇ ਨਾਂ ਵਿਸ਼ੇਸ਼ ਵਰਣਨ ਯੋਗ ਹਨ।

4. ਧਨੀ ਰਾਮ ਚਾਤ੍ਰਿਕ ਦੀ ਆਧੁਨਿਕਤਾ:-

(ੳ) ਵਿਸ਼ਾ ਤੇ ਨਿਭਾ :- ਧਨੀਰਾਮ ਚਾਤ੍ਰਿਕ ਦੀ ਆਧੁਨਿਕਤਾ ਦਾ ਸਭ ਤੋਂ ਮਹੱਤਵਪੂਰਨ ਪੱਖ ਵਿਸ਼ੇ ਤੇ ਨਿਭਾ ਦੀ ਮੌਲਿਕਤਾ ਹੈ। ਉਹ ਨਾਂ ਤਾਂ ਵੀਰ ਸਿੰਘ ਜੀ ਦੇ ਆਤਮਕ ਭੇਦਾਂ ਭਾਵਾਂ ਦੇ ਸੰਸਾਰ ਦਾ ਵਸਨੀਕ ਸੀ ਅਤੇ ਨਾ ਹੀ ਕਿਰਪਾ ਸਾਗਰ ਦਾ ਰੋਮਾਂਚਕ ਬ੍ਰਹਿਮੰਡ ਹੀ ਉਸ ਨੂੰ ਰਾਸ ਸੀ। ਉਸ ਨੇ ਅਧਿਆਤਮਕ ਤੇ ਰੁਮਾਂਚਿਕ ਵਿਸ਼ਿਆਂ ਦੀ ਥਾ ਸਾਧਾਰਨ ਜੀਵਨ ਤੇ ਸਦਾਚਾਰਕ, ਸਮਾਜਕ ਤੇ ਰਾਜਸੀ ਭਾਵਾਂ ਨੂੰ ਆਪਣੀ ਕਵਿਤਾ ਦਾ ਧੁਰਾ ਬਣਾਇਆ। ਉਸ ਨੇ ਪੰਜਾਬੀ ਕੌਮੀਅਤ ਨੂੰ ਉਚਿਅਉਣ ਲਈ ਪੰਜਾਬ ਦਾ ਜੀਵਨ, ਇਸ ਦਾ ਇਤਿਹਾਸ, ਇਸ ਦੀ ਬੋਲੀ ਤੇ ਇਥੋਂ ਦੀ ਪ੍ਰਾਕ੍ਰਿਤਕ ਸੁੰਦਰਤਾ ਨੂੰ ਆਦਰਸ਼ਕ ਰੰਗਣ ਵਿਚ ਪੇਸ਼ ਕੀਤਾ। ਇਥੇ ਇਹ ਗੱਲ ਧਿਆਨ ਦੇਣ ਗੋਚਰੀ ਹੈ ਕਿ ਪੰਜਾਬ ਨਾਲ ਸੰਬੰਧਤ ਵਿਭਿੰਨ ਪੱਖਾਂ ਦੀ ਚਰਚਾ ਕਰਦਾ ਹੋਇਆ ਉਹ ਆਪਣੇ ਲੋਕ-ਪਿਆਰ ਦੇ ਆਸ਼ੇ ਨੂੰ ਕਦੇ ਵੀ ਮਨੋ ਨਹੀਂ ਵਿਸਾਰਦਾ। ਪੰਜਾਬੀ-ਜੀਵਨ ਦੇ ਵੱਖ ਵੱਖ ਪੱਖਾਂ ਨੂੰ ਆਦਰਸ਼ਿਆਉਣ ਤੋਂ ਉਸ ਦਾ ਮਨੋਰਥ ਕੇਵਲ ਏਨਾ ਹੀ ਹੈ ਕਿ ਪੰਜਾਬੀ ਲੋਕਾਂ ਨੂੰ ਵਿਦੇਸ਼ੀਆਂ ਦੀ ਸਭਿਆਚਾਰਕ ਗੁਲਾਮੀ ਤੋਂ ਛੁਟਕਾਰਾ ਦਿਵਾਇਆ ਜਾ ਸਕੇ ਤੇ ਉਹਨਾਂ ਅੰਦਰ ਆਪਣੇ ਸਭਿਆਚਾਰ ਦੇ ਪਿਆਰ ਦੀ ਚਿਣਗ ਜਮਾਈ ਜਾ ਸਕੇ। ਮਿਸਾਲ ਵਜੋਂ ਧਨੀ ਰਾਮ ਚਾਤ੍ਰਿਕ ਦੁਆਰਾ ਪੇਸ਼ ਕੀਤਾ ਗਿਆ ਮਹਾਰਾਜਾ ਰਣਜੀਤ ਸਿੰਘ ਦਾ ਚਰਿਤਰ ਜਿੱਥੇ ਪੰਜਾਬੀਆਂ ਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ ਸਾਡੀ ਕੌਮ ਵੀ ਰਾਜ ਕਰਨ ਲਈ ਅੰਗਰੇਜ਼ਾਂ ਜਿੰਨੀ ਹੀ ਕਾਬਲ ਹੈ ਉਥੇ ਰਣਜੀਤ ਸਿੰਘ ਦਾ ਚਰਿੱਤਰ ਉਹਨਾਂ ਨੂੰ ਏਕਤਾ ਤੇ ਆਜ਼ਾਦੀ ਦਾ ਸੰਦੇਸ਼ ਵੀ ਦਿੰਦਾ ਹੈ। ਪੰਜਾਬ ਦੀ ਕੁਦਰਤੀ ਸੁੰਦਰਤਾ ਨੂੰ 'ਚਾਤ੍ਰਿਕ' ਦਾ 'ਹਿਮਾਲਾ' ਕੇਵਲ ਸੁੰਦਰ ਦ੍ਰਿਸ਼ਾਂ, ਸੁਗੰਧੀਆਂ ਪੰਛੀਆਂ ਤੇ ਝਰਨਿਆਂ ਦੀਆਂ ਸੁਰੀਲੀਆਂ ਅਵਾਜ਼ਾ, ਸੁਆਦੀ ਫਲਾਂ ਤੇ ਕੋਮਲ ਵਸਤਾਂ ਦਾ ਹੀ ਸਰੋਤ ਨਹੀਂ ਸਗੋਂ ਇਹ ਪੰਜਾਬੀ ਲੋਕਾਂ ਦੀ ਆਰਥਿਕ ਲੋੜਾਂ ਪੂਰੀਆਂ ਕਰਨ ਵਾਲਾ ਜੀਵਨ-ਦਾਤਾ ਵੀ ਹੈ। ਧਨੀ ਰਾਮ 'ਚਾਤ੍ਰਿਕ' ਵਿਚ ਲੋਕ-ਪਿਆਰ ਦੀ ਰੁਚੀ ਭਾਵੇਂ ਉਸ ਦੇ ਪਹਿਲੇ ਕਾਵਿ ਸੰਗ੍ਰਹਿਾਂ ਵਿਚ ਵੀ ਵਿਦਮਾਨ ਸੀ, ਪਰ 'ਸੂਫੀ ਖਾਨਾ' ਵਿਚ ਇਹ ਇਕ ਨਵੇਂ ਅੰਦਾਜ਼ ਰਾਹੀਂ ਪੇਸ਼ ਹੋਈ ਹੈ। ਸੰਨ 1917 ਤੋਂ ਪਹਿਲੋਂ ਤਾਂ ਉਹ ਗੋਰੇ ਹਾਕਮਾਂ ਦੁਆਰਾ ਫੈਲਾਈ ਗਈ ਫਿਰਕਾ ਪ੍ਰਸਤੀ, ਲੋਕਾਂ ਵਿਚ ਆਪਣੇ ਸਭਿਆਚਾਰ, ਇਤਿਹਾਸ, ਬੋਲੀ ਤੇ ਭੂਗੋਲਿਕ ਸੁੰਦਰਤਾ ਪ੍ਰਤੀ ਬਣੀ ਹੋਈ ਗਲਤ-ਹੀਨ ਭਾਵਨਾ ਦੀ ਰੁਚੀ ਵਿਰੁਧ ਹੀ ਲਿਖਦਾ ਸੀ, ਪਰ, ਆਜ਼ਾਦੀ ਮਿਲਣ ਉਪਰੰਤ ਨਵੇਂ ਹਾਕਮਾਂ ਨੇ ਲੁਟ ਖੋਹ ਤੇ ਭ੍ਰਿਸ਼ਆਚਾਰ ਦਾ ਜਿਹੜਾ ਬਾਜ਼ਾਰ ਗਰਮ ਕੀਤਾ ਉਸ ਨੇ 'ਚਾਤ੍ਰਿਕ' ਦੀ ਕਲਮ ਨੂੰ ਇਹਨਾਂ 'ਕਾਲੇ ਅੰਗਰੇਜ਼ਾਂ' ਵਿਰੁੱਧ ਲਿਖਣ ਲਈ ਪ੍ਰੇਰਿਆ। ਕੌਮੀਅਤ ਦੀ ਭਾਵਨਾ ਦੇ ਵਿਸ਼ਿਆਂ ਉਤੇ ਉਚੇਚੇ ਤੌਰ ਤੇ ਕਲਮ ਚੁਕਣੀ 'ਚਾਤ੍ਰਿਕ' ਨੂੰ ਆਧੁਨਿਕ ਬਣਾਉਂਦੀ ਹੈ:-

'ਹੁਣ ਤਾਂ ਉਹੋ ਐ ਆਜ਼ਾਦ,
ਜਿਸ ਨੂੰ ਰੱਬ ਨਾ ਬਿਲਕੁਲ ਯਾਦ।
ਜਿਸ ਨੂੰ ਰਿਸ਼ਵਤ ਦਾ ਪ੍ਰਸ਼ਾਦ,
ਖਾ ਖਾ ਆਵੇ ਬੜਾ ਸਵਾਦ!

## ਟਿੱਪਣੀਆਂ ਤੇ ਹਵਾਲੇ


1. ਪ੍ਰਾਚੀਨ ਹਿੰਦੂ ਸੰਸਕਿਤੀ' 'ਸਰਿਤਾ' ਨਵੰਬਰ 1949 ਦਿੱਲੀ , ਪੰਨਾ 35
2. ਧਨੀ ਰਾਮ 'ਚਾਤ੍ਰਿਕ' ਅੰਕ, ਸਾਹਿਤ ਸਮਾਚਾਰ, ਲੁਧਿਆਣਾ-ਪੰਨਾ 155
3. ਧਨੀ ਰਾਮ 'ਚਾਤ੍ਰਿਕ-ਇਕ ਅਧਿਐਨ, ਪੰਨਾ 47